CAREERINDIA

# PAPER-II
# PUNJABI

**Signature and Name of Invigilator**

1. (Signature) ___________________________

   (Name) ______________________________

2. (Signature) ___________________________

   (Name) ______________________________

OMR Sheet No. : ...............................................
(To be filled by the Candidate)

Roll No. | | | | | | | | |
(In figures as per admission card)

Roll No.________________________________
(In words)

**J 2 4 1 4**

Time : 1 1/4 hours] [Maximum Marks : **100**

Number of Pages in this Booklet : **12** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** Ⓐ Ⓑ ● Ⓓ
   where (C) is the correct response.
5. Your responses to the items are to be indicated in the **OMR Sheet given inside the Paper I Booklet only.** If you mark at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means such as change of response by scratching or using white fluid, you will render yourself liable to disqualification.
9. You have to return the test question booklet and Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचास बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए उसके कवर पेज पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात् किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद OMR पत्रक की क्रम संख्या इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (A), (B), (C) तथा (D) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है ।
   **उदाहरण :** Ⓐ Ⓑ ● Ⓓ
   जबकि (C) सही उत्तर है ।
5. प्रश्नों के उत्तर **केवल प्रश्न पत्र I के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर प्रश्न-पुस्तिका एवं मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं ।
10. **केवल नीले/काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**

www.careerindia.com

CAREERINDIA

# PUNJABI
# ਪੰਜਾਬੀ
## Paper-II
## ਪ੍ਰਸ਼ਨ ਪੱਤਰ-II

**Note :** This paper contains **fifty (50)** objective type questions, each question carrying **two (2)** marks. Attempt **all** the questions.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਭ** ਪ੍ਰਸ਼ਨਾਂ ਦੇ ਉੱਤਰ ਦਿਓ ।

**1.** ਪੂਰਬੀ ਪੰਜਾਬੀ ਵਿਚ ਸੁਰ ਹੈ ਕਿਉਂਕਿ –

(A) ਇਸ ਦਾ ਸ੍ਰੋਤ ਭਾਰਤੀ-ਆਰੀਆ ਭਾਸ਼ਾ ਹੈ

(B) ਇਸ ਦਾ ਸ੍ਰੋਤ ਵੈਦਿਕ ਭਾਸ਼ਾ ਹੈ

(C) ਇਸ ਵਿਚ ਸਘੋਦੀ ਧੁਨੀਆਂ ਹਨ

(D) ਇਸ ਵਿਚ ਅਘੋਸ਼ ਸਹਾਪ੍ਰਾਣ ਧੁਨੀਆਂ ਹਨ

**2.** ਨਾਸਿਕਤਾ ਦਾ ਧੁਨੀ-ਪ੍ਰਵਰਗ ਹੈ :

(A) ਅਖੰਡੀ

(B) ਕੋਮਲ ਤਾਲਵੀ

(C) ਖੰਡੀ

(D) ਕੰਠੀ ਤੇ ਕੋਮਲ ਤਾਲਵੀ

**3.** ਵਰਨਰ ਤੇ ਗ੍ਰਾਸਮੈਨ ਦਾ ਸੰਬੰਧ ਹੈ :

(A) ਉਪਭਾਸ਼ਾ-ਵਿਗਿਆਨ ਨਾਲ

(B) ਭਾਸ਼ਾ-ਸ਼ਾਸਤਰ ਨਾਲ

(C) ਸਮਾਜ ਭਾਸ਼ਾ-ਵਿਗਿਆਨ ਨਾਲ

(D) ਧੁਨੀ-ਪਰਿਵਰਤਨ ਨਾਲ

**4.** ਬਹੁਵਚਨ, ਦੁਜਾ ਪੁਰਖ ਲਈ ਸਹਾਇਕ ਕ੍ਰਿਆ ਜੁੱਟ ਹਨ :

(A) ਸਾਂ / ਸੀ (B) ਸੋ / ਸਨ

(C) ਸਨ / ਸੈਂ (D) ਸੋ / ਸੀ

**5.** ਧੁਨੀ-ਵਿਗਿਆਨ ਅਤੇ ਧੁਨੀ-ਵਿਓਂਤ ਦੇ ਅੰਤਰ ਦੇ ਆਧਾਰ ਹਨ :

(A) ਉਚਾਰਨੀ ਤੇ ਸ੍ਰਵਣੀ

(B) ਅਮੂਰਤਨ ਤੇ ਸਮੂਰਤਨ

(C) ਧੁਨੀ ਅਤੇ ਧੁਨੀ-ਗ੍ਰਾਮ

(D) ਧੁਨੀ-ਨਿਯਮ ਅਤੇ ਧੁਨੀ-ਪਰਿਵਰਤਨ

**6.** **(A) ਕਥਨ :** ਹਰ ਭਾਸ਼ਾ ਦੀ ਬਣਤਰ ਤੇ ਵਰਤੋਂ ਵਿਚ ਬਦਲਾਅ ਹੁੰਦਾ ਰਹਿੰਦਾ ਹੈ ਪਰ ਇਹ ਬਦਲਾਅ ਭਾਸ਼ਾ ਦੇ ਮੂਲ ਜੁੱਸੇ ਤੇ ਦੇਰ ਨਾਲ ਅਸਰ ਪਾਉਂਦਾ ਹੈ ।

**(R) ਕਾਰਨ :** ਕਿਉਂਕਿ ਭਾਸ਼ਾ ਦੀ ਵਿਆਕਰਨ ਸਥਿਰ ਰਹਿੰਦੀ ਹੈ, ਇਸ ਕਰਕੇ ਲੰਬਾ ਚਿਰ ਇਸ ਤੇ ਕੋਈ ਅਸਰ ਨਹੀਂ ਪੈਂਦਾ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਗ਼ਲਤ ਹਨ

(B) (A) ਠੀਕ ਹੈ, (R) ਆਂਸ਼ਿਕ ਠੀਕ ਹੈ

(C) (A) ਅਤੇ (R) ਦੋਵੇਂ ਆਂਸ਼ਿਕ ਠੀਕ ਹਨ

(D) (A) ਅਤੇ (R) ਦੋਵੇਂ ਠੀਕ ਹਨ

CAREERINDIA

**7.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| a. ਪਰਿਵਰਤਨ ਦਿਸ਼ਾਵਾਂ | 1. ਧੁਨੀਗ੍ਰਾਮ-ਵਿਗਿਆਨ |
| b. ਅੰਤਰ-ਕੇਂਦ੍ਰਿਤ | 2. ਰੂਪਗ੍ਰਾਂਮ-ਵਿਗਿਆਨ |
| c. ਸ਼੍ਰੇਣੀ-ਰੱਖਿਅਕ | 3. ਵਾਕ-ਵਿਗਿਆਨ |
| d. ਨਿਖੜਵੇਂ ਲੱਛਣ | 4. ਅਰਥ-ਵਿਗਿਆਨ |

ਉਪਰੋਕਤ ਦਾ ਸਹੀ ਮੇਲਾਨ ਹੈ :

| | a | b | c | d |
|---|---|---|---|---|
| (A) | 1 | 2 | 3 | 4 |
| (B) | 3 | 4 | 2 | 1 |
| (C) | 4 | 3 | 2 | 1 |
| (D) | 2 | 4 | 3 | 1 |

**8.** ਪੰਜਾਬੀ ਵਿਚ ਸ਼ ਤੇ ਲ਼ ਕਿਸ ਪ੍ਰਭਾਵ ਵਾਲੀਆਂ ਧੁਨੀਆਂ ਹਨ :

(A) ਪੰਜਾਬੀ ਤੇ ਫ਼ਾਰਸੀ

(B) ਵੈਦਿਕ ਤੇ ਪੰਜਾਬੀ

(C) ਹਿੰਦੀ ਤੇ ਪੰਜਾਬੀ

(D) ਸੰਸਕ੍ਰਿਤ ਤੇ ਫ਼ਾਰਸੀ

**9.** ਸਮਾਜ-ਭਾਸ਼ਾ ਵਿਗਿਆਨ ਦਾ ਸੰਬੰਧ ਹੈ :

(A) ਖੇਤਰੀ ਵੰਡ ਨਾਲ

(B) ਸਮਾਜਕ ਦਰਜਾ ਬੰਦੀ ਨਾਲ

(C) ਵਸੋਂ ਦੀ ਵੰਡ ਨਾਲ

(D) ਇਲਾਕੇ ਤੇ ਭੂਗੋਲ ਨਾਲ

**10.** ਅਗਰਭੂਮਨ ਸੰਕਲਪ ਦਾ ਸੰਬੰਧ ਹੈ :

(A) ਭਾਸ਼ਾ-ਸ਼ਾਸਤਰ ਨਾਲ

(B) ਸੰਰਚਨਾਤਮਕ ਭਾਸ਼ਾ-ਵਿਗਿਆਨ ਨਾਲ

(C) ਰੂਪਾਂਤਰੀ ਭਾਸ਼ਾ-ਵਿਗਿਆਨ ਨਾਲ

(D) ਸ਼ੈਲੀ-ਵਿਗਿਆਨ ਨਾਲ

**11.** ਮਿਸ਼੍ਰਿਤ ਵਾਕ ਦੀ ਬਣਤਰ ਵਧੇਰੇ ਠੀਕ ਹੈ :

(A) ਸਾਰੇ ਸਵਾਧੀਨ ਉਪਵਾਕ

(B) ਇਕ ਪਰਾਧੀਨ ਉਪਵਾਕ ਤੇ ਇਕ ਸਵਾਧੀਨ ਉਪਵਾਕ

(C) ਪਰਾਧੀਨ ਤੇ ਸਵਾਧੀਨ ਉਪਵਾਕ

(D) ਸਵਾਧੀਨ ਉਪਵਾਕ ਤੇ ਕਈ ਪਰਾਧੀਨ ਉਪਵਾਕ

**12.**

| ਸੂਚੀ-I | ਸੂਚੀ-II |
|---|---|
| a. Language | 1. R.H. Robins |
| b. General Linguistics | 2. M.A.K. Halliday |
| c. Language as Social Semiotics | 3. Bloomfield |
| d. Socio-linguistics | 4. R.A. Hudson |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 4 | 2 | 1 | 3 |
| (B) | 2 | 3 | 4 | 1 |
| (C) | 1 | 4 | 3 | 2 |
| (D) | 3 | 1 | 2 | 4 |

CAREERINDIA

13. ਸੂਚੀ-I ਸੂਚੀ-II

| ਸੂਚੀ-I | ਸੂਚੀ-II |
|---|---|
| a. A Descriptive Grammar of Puadhi | 1. H.S. Gill |
| b. A Comparative Phonology of Hindi and Punjabi | 2. J.S. Puar |
| c. Punjabi Verb : Form and Function | 3. Vidya Bhaskar Arun |
| d. A Reference Grammar of Punjabi | 4. B.S. Sandhu |

ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :

| | a | b | c | d |
|---|---|---|---|---|
| (A) | 1 | 2 | 3 | 4 |
| (B) | 4 | 3 | 2 | 1 |
| (C) | 3 | 1 | 4 | 2 |
| (D) | 2 | 4 | 1 | 3 |

14. ਇਲੈਕਟ੍ਰਾ ਮਨੋਗ੍ਰੰਥੀ ਦਾ ਸੰਬੰਧ ਹੈ :

(A) ਪੁੱਤਰ ਦੀ ਮਾਂ ਪ੍ਰਤਿ ਖਿੱਚ

(B) ਭੈਣ ਦੀ ਭਰਾ ਪ੍ਰਤਿ ਖਿੱਚ

(C) ਪਿਤਾ ਦੀ ਧੀ ਪ੍ਰਤਿ ਖਿੱਚ

(D) ਧੀ ਦੀ ਮਾਂ ਪ੍ਰਤਿ ਖਿੱਚ

15. ਉੱਤਰ-ਸੰਰਚਨਾਵਾਦੀ ਅਧਿਐਨ ਪ੍ਰਣਾਲੀ ਦੀ ਮੁੱਖ ਪ੍ਰਵਿਰਤੀ ਹੈ :

(A) ਪਾਠ, ਪ੍ਰਵਚਨ ਤੇ ਵਿਚਾਰਧਾਰਾ

(B) ਪਾਠ, ਸੰਰਚਨਾ ਤੇ ਪ੍ਰਸੰਗ

(C) ਪਾਠ, ਬੁਣਤੀ ਤੇ ਅੰਤਰ-ਪਾਠ

(D) ਪਾਠ, ਵਿਰਚਨਾ ਤੇ ਸੰਚਾਰ

16. ਮੌਖਿਕ ਅਤੇ ਲਿਖਿਤ ਸਾਹਿਤ ਵਿਚ ਅੰਤਰ ਦਾ ਮੁੱਖ ਆਧਾਰ ਹੈ :

(A) ਲਿਖਣ-ਵਿਧੀ

(B) ਪੇਸ਼ਕਾਰੀ-ਵਿਧੀ

(C) ਸੰਬੋਧਨ-ਵਿਧੀ

(D) ਪਾਠ-ਵਿਧੀ

17. ਬਿਰਤਾਂਤ ਦੀ ਲਘੂਤਮ ਇਕਾਈ ਹੈ :

(A) ਕਥਾਨਕ ਰੂੜ੍ਹੀ (B) ਮੋਟਿਫੀਮ

(C) ਲੋਕ ਰੂੜ੍ਹੀ (D) ਕਥਾਨਕ

18. ਸਾਹਿਤ ਦੀ ਨਵੀਨਤਮ ਅਧਿਐਨ ਪ੍ਰਵਿਰਤੀ ਹੈ :

(A) ਅਭਿਆਚਾਰਕ ਸਾਰਥਕਤਾ

(B) ਵਿਰਚਨਾਵਾਦੀ ਵਿਸ਼ਲੇਸ਼ਣ

(C) ਚਿਹਨ-ਵਿਗਿਆਨਕ

(D) ਮਨੋ-ਵਿਸ਼ਲੇਸ਼ਣਾਤਮਕ

19. ਪਾਰ-ਰਾਸ਼ਟ੍ਰੀਅਤਾ ਤੋਂ ਭਾਵ ਹੈ :

(A) ਰਾਸ਼ਟਰੀ ਸਰਹੱਦਾਂ ਦੀ ਪਾਬੰਦੀ

(B) ਰਾਸ਼ਟਰੀ ਸਰਹੱਦਾਂ ਤੋਂ ਸੁਤੰਤਰਤਾ

(C) ਗਲੋਬਲ ਚੇਤਨਾ ਪੱਧਰ

(D) ਲੋਕਰਾਜੀ ਚੇਤਨਾ ਪੱਧਰ

20. ਅਫਲਾਤੂਨੀ ਪਿਆਰ ਦਾ ਭਾਵ ਹੈ :

(A) ਸੰਸਾਰੀ ਪਿਆਰ ਸੁੰਦਰਤਾ ਦੀ ਸੱਚੀ ਪੂਜਾ ਹੈ

(B) ਪਿਆਰ ਦੀ ਪਵਿੱਤਰਤਾ ਸਰੀਰਕ ਪ੍ਰੇਮ ਤੋਂ ਉਪਜਦੀ ਹੈ

(C) ਪਿਆਰ ਵਿਚ ਪ੍ਰਾਪਤੀ ਨਾਲੋਂ ਪਛਾਣ ਜ਼ਰੂਰੀ ਹੈ

(D) ਸਰੀਰਕ ਪਿਆਰ ਦੀ ਅਵਸਥਾ ਵਿਚ ਆਤਮਿਕ ਗਿਆਨ ਜ਼ਰੂਰੀ ਹੈ

21.

| | ਸੂਚੀ-I | | ਸੂਚੀ-II |
|---|---|---|---|
| a. | ਜਟਿਲ ਮਨੋਵੇਗਾਂ ਦਾ ਸੰਤੁਲਨ | 1. | ਫਰਾਇਡ |
| b. | ਅਤ੍ਰਿਪਤ ਕਾਮ ਭਾਵਨਾ ਦੀ ਤ੍ਰਿਪਤੀ | 2. | ਲੌਂਨਜਾਈਨਸ |
| c. | ਸਮਾਜਵਾਦੀ ਸੰਘਰਸ਼ ਦੀ ਚੇਤਨਾ | 3. | ਆਈ.ਏ. ਰਿਚਰਡਜ਼ |
| d. | ਪ੍ਰਸੰਨਤਾ ਤੇ ਪ੍ਰੇਰਨਾ | 4. | ਕਾਰਲ ਮਾਰਕਸ |

ਉਪਰੋਕਤ ਦਾ ਸਹੀ ਕ੍ਰਮ ਕਿਹੜਾ ਹੈ :

| | a | b | c | d |
|---|---|---|---|---|
| (A) | 3 | 1 | 4 | 2 |
| (B) | 3 | 4 | 2 | 1 |
| (C) | 2 | 1 | 3 | 4 |
| (D) | 4 | 3 | 2 | 1 |

22. **(A) ਕਥਨ :** ਵਿਰਚਨਾ ਵਿਧੀ ਦੁਆਰਾ ਰਚਨਾ-ਪਾਠ ਦੇ ਥੀਮੈਟਿਕ ਪਾਸਾਰਾਂ ਦਾ ਨਿਕਟ ਵਿਸ਼ਲੇਸ਼ਣ ਤਾਂ ਕੀਤਾ ਹੀ ਜਾਂਦਾ ਹੈ ਪਰ ਨਾਲ ਹੀ ਇਸ ਦੀਆਂ ਭ੍ਰਾਂਤੀਆਂ ਤੇ ਤਰਕ-ਵਿਰੋਧਾਂ ਦੀ ਨਿਸ਼ਾਨਦੇਹੀ ਵੀ ਕੀਤੀ ਜਾਂਦੀ ਹੈ ।

**(R) ਕਾਰਨ :** ਅਜੇਹਾ ਇਸ ਲਈ ਕਰਨਾ ਹੋਰ ਸੰਭਵ ਬਣ ਜਾਂਦਾ ਹੈ ਕਿਉਂਕਿ ਵਿਰਚਨਾਵਾਦੀ ਸਮੀਖਿਆ ਆਲੋਚਨਾ ਹੀ ਕਰਦੀ ਹੈ, ਪਰਾਲੋਚਨਾ ਨਹੀਂ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਤੇ (R) ਦੋਵੇਂ ਸਹੀ ਹਨ

(B) (A) ਸਹੀ ਤੇ (R) ਗ਼ਲਤ ਹੈ

(C) (A) ਤੇ (R) ਦੋਵੇਂ ਗ਼ਲਤ ਹਨ

(D) (A) ਗ਼ਲਤ ਹੈ ਤੇ (R) ਸਹੀ ਹੈ

23. ਕਿਹੜਾ ਕਥਨ ਸਹੀ ਹੈ :

(A) ਪੰਜਾਬੀ ਕਿੱਸਿਆਂ ਵਿਚ ਸੂਫ਼ੀ ਰਹੱਸਵਾਦ ਨਾਲੋਂ ਪਰਾਭੌਤਿਕ ਸਰੋਕਾਰਾਂ ਦੀ ਹੀ ਸਥਾਪਨਾ ਹੋਈ

(B) ਪੰਜਾਬੀ ਕਿੱਸਿਆਂ ਵਿਚ ਪੰਜਾਬੀ ਸਭਿਆਚਾਰ ਦਾ ਸਵੈਮਾਨ ਪੇਸ਼ ਹੋਇਆ ਹੈ

(C) ਪੰਜਾਬੀ ਕਿੱਸਿਆਂ ਦੀ ਰਚਨਾ ਬਹੁਜਨ ਸੁਖਾਇ ਤੇ ਬਹੁਜਨ ਹਿਤਾਇ ਲਈ ਹੋਈ ਹੈ

(D) ਪੰਜਾਬੀ ਕਿੱਸਿਆਂ ਤੋਂ ਗਲਪ, ਬਿਰਤਾਂਤ ਤੇ ਹੋਰ ਕਥਾ-ਰੂਪ ਉਪਜੇ

www.careerindia

**24.** ਗ਼ਜ਼ਲ ਕਾਵਿ-ਰੂਪ ਦੇ ਤਕਨੀਕੀ ਪੱਖ ਹਨ :

(A) ਸ਼ਾਇਰ, ਮਕਤਾ, ਮਤਲਾ, ਰਦੀਫ਼

(B) ਕਾਫ਼ੀਆ, ਸ਼ਿਅਰ, ਮਿਸਰਾ, ਮਕਤਾ

(C) ਕਾਫੀਆ, ਮਿਸਰਾ, ਮਤਲਾ, ਰਦੀਫ਼

(D) ਮਿਸਰਾ, ਰਦੀਫ਼, ਸ਼ਿਅਰ, ਮਕਤਾ

**25.** ਕਿਹੜਾ ਜੁੱਟ ਸਹੀ ਹੈ :

(A) ਪੀਅਰੇ ਮਾਸ਼ੇਰੀ : ਜਣਨਿਕ ਸੰਰਚਨਾਵਾਦ

(B) ਜਾਰਜ ਲੁਕਾਚ : ਸਾਹਿਤ ਉਤਪਾਦਨ ਸਿਧਾਂਤ

(C) ਅਲਥਿਉਸ਼ੇਰ : ਸਮੱਸਿਆਕਾਰ

(D) ਲੂਸੀਅਨ ਗੋਲਡਮਾਨ : ਆਲੋਚਨਾਤਮਕ ਯਥਾਰਥਵਾਦ

**26.** ਆਧੁਨਿਕ ਸੰਵੇਦਨਾ ਤੋਂ ਭਾਵ ਹੈ :

(A) ਚੇਤਨਾ ਪ੍ਰਵਾਹ, ਪਦਾਰਥਵਾਦੀ ਰੁਚੀ, ਪਰੰਪਰਾ-ਸਿਰਜਣ

(B) ਚੇਤਨਾ ਪ੍ਰਵਾਹ, ਯਥਾਰਥਵਾਦੀ ਰੁਚੀ, ਵਰਤਮਾਨ ਉਪਰ ਬਲ

(C) ਯਥਾਰਥਵਾਦੀ ਰੁਚੀ, ਵਰਤਮਾਨ ਉਪਰ ਬਲ, ਆਤਮ-ਕੇਂਦ੍ਰਿਤ ਰੁਚੀ

(D) ਚੇਤਨਾ ਪ੍ਰਵਾਹ, ਪਰੰਪਰਾ ਸਿਰਜਣ, ਆਤਮ-ਕੇਂਦ੍ਰਿਤ ਰੁਚੀ

**27.** ਸੀਹਰਫ਼ੀ ਵਿਚ ਲਿਖੀਆਂ ਗਾਈਆਂ ਰਚਨਾਵਾਂ ਦਾ ਸਹੀ ਜੁੱਟ ਹੈ :

(A) ਹੀਰਵਾਰਿਸ, ਸੱਸੀ ਹਾਸ਼ਮ

(B) ਪੂਰਨ ਭਗਤ (ਕਾਦਰ ਯਾਰ), ਕਲਾਮ ਸੁਲਤਾਨ ਬਾਹੂ

(C) ਸੋਹਣੀ ਫ਼ਜ਼ਲਸ਼ਾਹ, ਹੀਰ ਮੁਕਬਲ

(D) ਹੀਰ ਦਮੋਦਰ, ਮਿਰਜ਼ਾ ਸਾਹਿਬਾਂ (ਪੀਲੂ)

**28.** ਰਹੱਸਵਾਦੀ ਲਹਿਰ ਦੇ ਸਾਹਿਤਕ ਪ੍ਰਭਾਵ ਹਨ :

(A) ਪਰਮਾਰਥੀ ਦ੍ਰਿਸ਼ਟੀ, ਘਭੇਦਤਾ ਬੋਧ, ਵਿਸਮਾਦ

(B) ਬੌਧਿਕ ਗਿਆਨ, ਪਾਰਲੌਕਿਕ ਦ੍ਰਿਸ਼ਟੀ, ਵਿਵੇਕ ਬੁੱਧ

(C) ਅਧਿਆਤਮਕਿ ਗਿਆਨ, ਵਿਸਮਾਦ, ਕਾਰਣਤਾ

(D) ਮੌਤ ਦੀ ਚੇਤਨਾ, ਆਦਰਸ਼ਵਾਦੀ ਸੋਚ, ਤਾਰਕਿਕਤਾ

**29.** ਕਿਹੜਾ ਜੁੱਟ ਸਹੀ ਹੈ :

(A) ਰੋਮਾਂਸਵਾਦ : ਅਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਬਾਵਾ ਬਲਵੰਤ

(B) ਯਥਾਰਥਵਾਦ : ਸੰਤ ਸਿੰਘ ਸੇਖੋਂ, ਧਨੀ ਰਾਮ ਚਾਤ੍ਰਿਕ, ਸੰਤੋਖ ਸਿੰਘ ਧੀਰ

(C) ਪ੍ਰਯੋਗਵਾਦ : ਜਸਬੀਰ ਸਿੰਘ ਆਹਲੂਵਾਲੀਆ, ਅਜਾਇਬ ਕਮਲ, ਰਵਿੰਦਰ ਰਵੀ

(D) ਜੁਝਾਰਵਾਦ : ਅਵਤਾਰ ਪਾਸ਼, ਲਾਲ ਸਿੰਘ ਦਿਲ, ਸੁਰਜੀਤ ਪਾਤਰ

CAREERINDIA

30. ਸਾਹਿਤ ਦੀ ਇਤਿਹਾਸਕਾਰੀ ਦੇ ਪ੍ਰਮਾਣਕ ਆਧਾਰ ਹਨ :

(A) ਪਾਠਕ, ਪ੍ਰਭਾਵ, ਪ੍ਰਵਿਰਤੀ, ਕਾਲ

(B) ਰੂਪ, ਸ੍ਰੋਤ, ਪ੍ਰਵਿਰਤੀ, ਲੇਖਕ

(C) ਪ੍ਰਵਿਰਤੀ, ਵਿਧਾ, ਸ੍ਰੋਤ, ਸਾਹਿਤਕ ਤੱਥ

(D) ਲਹਿਰ, ਸ੍ਰੋਤ, ਰਾਜਨੀਤੀ, ਵਿਧਾ

31. **(A) ਕਥਨ :** ਸਾਹਿਤ-ਇਤਿਹਾਸ ਦੀ ਦ੍ਰਿਸ਼ਟੀ ਤੋਂ ਗੁਰਮਤਿ ਕਾਵਿ-ਧਾਰਾ ਮੱਧਕਾਲੀਨ ਪੰਜਾਬੀ ਸਾਹਿਤ ਦੀ ਹੀ ਨਹੀਂ ਸਗੋਂ ਸਮੁਚੇ ਭਾਰਤੀ ਸਾਹਿਤ ਤੇ ਸਭਿਆਚਾਰ ਦੀ ਗੌਰਵਮਈ ਵਿਰਾਸਤ ਹੈ ।

**(R) ਕਾਰਨ :** ਪਰ ਗੁਰਮਤਿ ਕਾਵਿਧਾਰਾ ਨਾਲ ਸੰਬੰਧਿਤ ਭਗਤਾਂ ਦੀ ਸਿਰਜਿਤ ਵਾਣੀ ਨੂੰ ਹੋਰਨਾਂ ਭਾਸ਼ਾਵਾਂ ਦੇ ਸਾਹਿਤਕ ਇਤਿਹਾਸਾਂ ਵਿਚ ਐਨਾ ਸਨਮਾਨਯੋਗ ਸਥਾਨ ਪ੍ਰਾਪਤ ਨਹੀਂ ਹੋਇਆ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਪੂਰਨ ਸਹੀ ਪਰ (R) ਆਂਸ਼ਿਕ ਸਹੀ ਹੈ

(B) (A) ਪੂਰਨ ਸਹੀ ਪਰ (R) ਗ਼ਲਤ ਹੈ

(C) (A) ਤੇ (R) ਗ਼ਲਤ ਹਨ

(D) (A) ਤੇ (R) ਸਹੀ ਹਨ

32. ਮਿਥ ਦੇ ਮੁੱਖ ਤੱਤ ਹਨ :

(A) ਵਿਸ਼ਵਾਸ਼ਾਂ ਦਾ ਕੋਡੀਕਰਨ

(B) ਨੈਤਿਕਤਾ ਦਾ ਪ੍ਰਚਲਨ

(C) ਅਨੁਸ਼ਠਾਨ ਦੀ ਸਥਾਪਨਾ

(D) ਉਪਰੋਕਤ ਸਾਰੇ

33. ਵਲਾਦੀਮੀਰ ਪ੍ਰਾਪ ਨੇ ਕਿਹੜੇ ਲੋਕ ਕਥਾ-ਰੂਪ ਦਾ ਵਿਸ਼ਲੇਸ਼ਣ ਕੀਤਾ ਹੈ :

(A) ਪਸ਼ੂ ਕਥਾ

(B) ਪਰੀ ਕਥਾ

(C) ਦੰਤ ਕਥਾ

(D) ਨੀਤੀ ਕਥਾ

34. ਲੋਕ ਧਰਮ ਦੇ ਜਨਮ ਦਾ ਮੁੱਖ ਆਧਾਰ ਹੈ :

(A) ਲੋਕ ਅਨੁਸ਼ਠਾਨਾਂ ਦਾ ਸਭਿਆਚਾਰੀਕਰਨ

(B) ਮਨੁੱਖ ਦੀ ਅਸੁਰੱਖਿਆ ਤੇ ਡਰ ਦੀ ਭਾਵ-ਸਥਿਤੀ

(C) ਲੋਕ ਵਿਸ਼ਵਾਸ਼ਾਂ ਦੀ ਤਰਕਯੁਕਤ ਸਥਾਪਨਾ

(D) ਲੋਕ ਜੀਵਨ ਦੇ ਅਧਿਆਤਮਿਕ ਵਿਸ਼ਵਾਸ

CAREERINDIA

**35.** ਲੋਕਯਾਨ ਕੀ ਹੈ :

(A) ਲੋਕ ਮਾਨਸ ਅਤੇ ਲੋਕ ਜੀਵਨ ਦਾ ਸਮੂਹ

(B) ਵਿਭਿੰਨ ਜਾਤੀਆਂ ਦੀ ਜੀਵਨ-ਵਿਧੀ ਦਾ ਲੇਖਾ-ਜੋਖਾ

(C) ਮਨੁੱਖੀ ਸਮੂਹ ਦੇ ਸਭਿਆਚਾਰਕ ਇਤਿਹਾਸ ਦਾ ਦਰਪਣ

(D) ਲੋਕ ਮਾਨਸ ਦਾ ਗਿਆਨਮਈ ਪਾਸਾਰ

**36.**

| ਸੂਚੀ-I | ਸੂਚੀ-II |
|---|---|
| a. Claude Levi-Strauss | 1. Morphology of the Folktale |
| b. Vradimir Propp | 2. The Study of Folklore |
| c. Alan Dundes | 3. Structural Study of Myth |
| d. Edmund Leach | 4. Structural Anthropology |

ਉਪਰੋਕਤ ਦਾ ਸਹੀ ਕ੍ਰਮ ਹੈ :

| | a | b | c | d |
|---|---|---|---|---|
| (A) | 3 | 1 | 4 | 2 |
| (B) | 4 | 3 | 1 | 2 |
| (C) | 4 | 1 | 2 | 3 |
| (D) | 2 | 1 | 4 | 3 |

**37.** ਬਿਰਤਾਂਤਕ ਲੋਕ ਕਾਵਿ-ਰੂਪਾਂ ਦਾ ਸਹੀ ਜੁੱਟ ਹੈ :

(A) ਲੋਕ ਵਾਰ, ਮਾਹੀਆ, ਲੋਰੀ, ਟੱਪੇ

(B) ਸੱਦ, ਅਲਾਹੁਣੀ, ਲੋਕ ਵਾਰ, ਬੋਲੀ

(C) ਢੋਲਾ, ਬਾਰਹਮਾਹ, ਟੱਪੇ, ਲੋਰੀ

(D) ਘੋੜੀ, ਸੱਦ, ਢੋਲਾ, ਬਾਰਹਮਾਹ

**38.** ਲੋਕ ਸਾਹਿਤ ਰੂਪਾਂ ਦਾ ਸਹੀ ਜੁੱਟ ਹੈ :

(A) ਗਾਥਾ, ਸੂਰਮਗਤੀ ਦੇ ਗੀਤ, ਲੋਰੀ, ਜਨੌਰ ਕਥਾ

(B) ਪਿਆਰ ਗੀਤ, ਭਜਨ, ਨ੍ਰਿਤ ਗੀਤ, ਲੋਕਪ੍ਰਿਅ ਗੀਤ

(C) ਬੁਝਾਰਤ, ਲੋਕਪ੍ਰਿਅ ਗੀਤ, ਲੋਕ ਵਾਰ, ਚੁਟਕਲਾ

(D) ਨਾਅਤ, ਕਾਰਜਗਤ ਗੀਤ, ਮਿੱਥ, ਵਾਰ

**39.** ਟੈਬੂ ਦਾ ਸੰਕਲਪ ਕਿਸ ਸਭਿਆਚਾਰਕ ਵਿਹਾਰ ਨਾਲ ਜੁੜਿਆ ਹੈ :

(A) ਪ੍ਰਵਿਰਤੀ

(B) ਮਨਾਹੀ

(C) ਪਛਾਣ

(D) ਜੀਵਨ-ਜਾਚ

**40.** ਲੋਕ ਸਾਹਿਤ ਦੇ ਪਰਿਭਾਸ਼ਕ ਲੱਛਣ ਹਨ :

(A) ਸਮੂਹਕਤਾ, ਨਿੱਜਮੂਲਕਤਾ, ਭਾਖਾ ਸੰਜਮ

(B) ਨਿੱਜਮੂਲਕਤਾ, ਪਰੰਪਰਾ, ਲੋਕ ਮਾਨਸਿਕਤਾ

(C) ਪਰੰਪਰਾ, ਭਾਸ਼ਾਈ ਸਰਲਤਾ, ਇਤਿਹਾਸਕਤਾ

(D) ਮੌਖਿਕਤਾ, ਭਾਖਾ ਸੰਜਮ, ਸਮੂਹਕਤਾ

**41.** ਲੋਕ ਗਾਥਾ ਉਤੇ ਆਧਾਰਿਤ ਪੰਜਾਬੀ ਰਚਨਾਵਾਂ ਦਾ ਸਹੀ ਜੁੱਟ ਹੈ :

(A) ਲੂਣਾ, ਪੂਰਨ, ਕਿੰਗ ਮਿਰਜ਼ਾ ਤੇ ਸਪੇਰਾ, ਇਕ ਹੋਰ ਰਾਮਾਇਣ

(B) ਸਲਵਾਨ, ਝਨਾਂ ਦੇ ਪਾਣੀ, ਪੂਰਨ, ਰਾਜਾ ਰਸਾਲੂ

(C) ਲੂਣਾ, ਸੁੰਦਰਾਂ, ਪੂਰਨ ਨਾਥ ਜੋਗੀ, ਸਲਵਾਨ

(D) ਰਾਜਾ ਰਸਾਲੂ, ਝਨਾਂ ਦੇ ਪਾਣੀ, ਰਾਵੀ ਕੋਕਲਾਂ, ਸੁੰਦਰਾਂ

**42.** ਸਾਹਿਤ ਦੀ ਇਤਿਹਾਸਕਾਰੀ ਅਤੇ ਸਾਹਿਤ ਸਮੀਖਿਆ ਦੇ ਸੰਬੰਧਿਤ ਖੇਤਰ ਹਨ :

(A) ਸਾਹਿਤਕ ਵਿਸ਼ਲੇਸ਼ਣ, ਪਾਠਕ ਅਨੁਕ੍ਰਿਆ, ਭਾਸ਼ਾ ਸ਼ੈਲੀ

(B) ਸਾਹਿਤ-ਪਾਠਾਂ ਦੀ ਮਹੱਤਤਾ, ਸਮਾਜ-ਸਭਿਆਚਾਰਕ ਪਰਿਪੇਖ, ਸਾਹਿਤਕ ਮੁੱਲਾਂਕਣ

(C) ਕਾਲਕ੍ਰਮਿਕਤਾ, ਪ੍ਰਮਾਣਕ ਪਾਠ, ਕਲਾਤਮਕ ਵਿਸ਼ੇਸ਼ਤਾ

(D) ਵਿਸ਼ੇਮੂਲਕ ਆਧਾਰ, ਵਿਚਾਰਧਾਰਾ, ਸਾਹਿਤਕ ਯੋਗਦਾਨ

**43.** **(A) ਕਥਨ :** ਸਾਹਿਤ ਦੇ ਵਿਹਾਰਕ ਅਧਿਐਨ ਦਾ ਮਨੋਰਥ ਨਿਰਧਾਰਿਤ ਕਰਨਾ ਮੁਸ਼ਕਿਲ ਨਹੀਂ ਕਿਉਂਕਿ ਇਸ ਦਾ ਮੁੱਖ ਮੰਤਵ ਰਚਨਾ ਦੀ ਸਰਬਾਂਗੀ ਵਿਆਖਿਆ ਹੈ ।

**(R) ਕਾਰਨ :** ਪਰ ਜੇ ਉਪਰੋਕਤ ਆਧਾਰ ਉਪਰ ਚੱਲੀਏ ਤਾਂ ਵਿਹਾਰਕ ਆਲੋਚਨਾ ਦੀ ਸੀਮਾ ਰੇਖਾ ਨਿਰਧਾਰਿਤ ਕਰਨੀ ਜਟਿਲ ਵੀ ਹੈ ਤੇ ਅਸੰਭਵ ਵੀ ।

ਉਪਰੋਕਤ ਵਿਚੋਂ ਕਿਹੜਾ ਸਹੀ ਹੈ :

(A) (A) ਅਤੇ (R) ਦੋਵੇਂ ਸਹੀ ਹਨ

(B) (A) ਸਹੀ ਹੈ ਤੇ (R) ਆਂਸ਼ਿਕ ਸਹੀ ਹੈ

(C) (A) ਅਤੇ (R) ਦੋਵੇਂ ਗ਼ਲਤ ਹਨ

(D) (A) ਆਂਸ਼ਿਕ ਸਹੀ ਹੈ ਤੇ (R) ਸਹੀ ਹੈ

**44.** ਪੰਜਾਬੀ ਖੋਜ-ਪ੍ਰਬੰਧ ਲਿਖਣ ਲਈ ਕਿਹੜੀ ਸਟਾਈਲ-ਸ਼ੀਟ ਵਧੇਰੇ ਯੋਗ ਹੈ :

(A) ਐਲ. ਐਸ. ਆਈ.

(B) ਐਮ. ਐਲ. ਏ.

(C) ਸ਼ਿਕਾਗੋ ਸਟਾਈਲ ਮੈਨੂਅਲ

(D) ਡੀ. ਐਲ. ਏ.

**45.** ਪੰਜਾਬੀ ਖੋਜ ਨਾਲ ਸੰਬੰਧਿਤ ਰਸਾਲਿਆਂ ਦਾ ਕਿਹੜਾ ਜੁੱਟ ਸਹੀ ਹੈ :

(A) ਸ਼ਬਦ, ਪਰਖ, ਪ੍ਰਤੀਮਾਨ, ਪ੍ਰਵਚਨ

(B) ਪਰਖ, ਖੋਜ ਦਰਪਣ, ਆਲੋਚਨਾ, ਸਮਦਰਸ਼ੀ

(C) ਖੋਜ ਪਤ੍ਰਿਕਾ, ਆਲੋਚਨਾ, ਸਿਰਜਣਾ, ਸ਼ਬਦ

(D) ਕਹਾਣੀ ਧਾਰਾ, ਖੋਜ ਦਰਪਣ, ਪੰਜਾਬੀ ਦੁਨੀਆਂ, ਸਮਦਰਸ਼ੀ

**46.** ਕਿਹੜਾ ਜੁੱਟ ਸਹੀ ਹੈ :

(A) ਮਾਰਕਸਵਾਦੀ : ਪ੍ਰੋ. ਕਿਸ਼ਨ ਸਿੰਘ, ਡਾ. ਤੇਜਵੰਤ ਗਿੱਲ, ਰਵਿੰਦਰ ਰਵੀ

(B) ਚਿਹਨ-ਵਿਗਿਆਨਕ : ਡਾ. ਹਰਜੀਤ ਗਿੱਲ, ਡਾ. ਸੁਰਜੀਤ ਲੀ, ਨਜਮ ਹੁਸੈਨ ਸੱਯਦ

(C) ਵਿਵਹਾਰਕ ਆਲੋਚਨਾ : ਡਾ. ਹਰਿਭਜਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਦੀਵਾਨ ਸਿੰਘ

(D) ਸੰਰਚਨਾਵਾਦੀ : ਡਾ. ਹਰਜੀਤ ਗਿੱਲ, ਡਾ. ਕੇਸਰ ਸਿੰਘ ਕੇਸਰ, ਡਾ. ਕਰਨੈਲ ਸਿੰਘ ਥਿੰਦ

**47.** ਖੇਤਰੀ ਖੋਜ-ਵਿਧੀ ਦੇ ਮੁੱਖ ਸੰਦ ਹਨ :

(A) ਪਰਿਕਲਪਨਾ, ਪ੍ਰਸ਼ਨਾਵਲੀ, ਮੁਲਾਕਾਤ, ਸੂਚਕ

(B) ਟੇਬਲ-ਵਿਧੀ, ਪ੍ਰਸ਼ਨਾਵਲੀ, ਟੇਪ-ਰਿਕਾਰਡਰ, ਸੂਚਕ

(C) ਪ੍ਰਸ਼ਨਾਵਲੀ, ਟੇਪ-ਰਿਕਾਰਡਰ, ਸੂਚਕ, ਮੁਲਾਕਾਤ

(D) ਪ੍ਰਸ਼ਨਾਵਲੀ, ਟੇਪ-ਰਿਕਾਰਡਰ, ਸੂਚਕ, ਪੁਸਤਕ-ਸੂਚੀ

**ਪੈਰਾ :**

ਕਿੱਸਾਕਾਰੀ, ਪੰਜਾਬੀ ਸਾਹਿਤ ਦੀ ਇਕ ਵਿੱਲਖਣ ਅਤੇ ਮਹੱਤਵਪੂਰਨ ਕਾਵਿ ਪਰੰਪਰਾ ਹੈ, ਜਿਹੜੀ ਪਿਛਲੇ ਚਾਰ ਸੌ ਵਰ੍ਹਿਆਂ ਤੋਂ ਲਾਗਤਾਰ ਚਲੀ ਆ ਰਹੀ ਹੈ । ਪੰਜਾਬੀ ਸਾਹਿਤ ਵਿਚ ਗਲਪ ਅਤੇ ਦੁਖਾਂਤ ਸਾਹਿਤ ਦੀਆਂ ਪਰੰਪਰਾਵਾਂ ਦਾ ਆਰੰਭ ਵੀ ਇਨ੍ਹਾਂ ਤੋਂ ਹੀ ਹੋਇਆ ਪ੍ਰਤੀਤ ਹੁੰਦਾ ਹੈ । ਇਨ੍ਹਾਂ ਵਿਚ ਸੂਫ਼ੀ ਅਧਿਆਤਮਵਾਦ ਦੀ ਸਥਾਪਨਾ ਨਹੀਂ ਹੋਈ, ਹਰ ਥਾਂ ਭੌਤਿਕਤਾ ਵਿਦਮਾਨ ਹੈ । ਇਨ੍ਹਾਂ ਵਿਚ ਪੰਜਾਬੀਆਂ ਦਾ ਉਭਰਦਾ ਉਤਸ਼ਾਹ ਅਤੇ ਅਸੀਮ ਅਭਿਮਾਨ ਸੰਚਿਤ ਹੈ । ਇਨ੍ਹਾਂ ਦੀ ਰਚਨਾ 'ਬਹੁ-ਜੁਨ-ਸੁਖਾਇ' ਨਿਮਿਤ ਹੋਈ ਸੀ । ਇਨ੍ਹਾਂ ਵਿਚ ਪ੍ਰਚਲਿਤ ਰੀਤੀ ਰਿਵਾਜਾਂ, ਵਿਸ਼ਵਾਸਾਂ ਅਤੇ ਭਾਵਧਾਰਾਵਾਂ ਦਾ ਵੀ ਪੂਰੀ ਤਰ੍ਹਾਂ ਵਰਣਨ ਮਿਲਦਾ ਹੈ । ਇਤਨਾ ਹੀ ਨਹੀਂ ਇਨ੍ਹਾਂ ਕਿੱਸਿਆਂ ਵਿਚ ਆਈਆਂ ਕਥਾਵਾਂ, ਭਾਵਨਾਵਾਂ ਅਤੇ ਵਿਚਾਰਧਾਰਾਵਾਂ ਦਾ ਜਿਤਨਾ ਅਮਿਟ ਪ੍ਰਭਾਵ ਪੰਜਾਬੀ ਜਨ-ਜੀਵਨ ਉਤੇ ਪਿਆ ਹੈ, ਉਤਨਾ ਸ਼ਾਇਦ ਕਿਸੇ ਹੋਰ ਸਾਹਿਤਕ ਰੂਪ ਦਾ ਨਹੀਂ । ਆਪਣੀ ਸਰਲ ਸੁਬੋਧ ਭਾਸ਼ਾ ਅਤੇ ਹਰਮਨਪਿਆਰੀ ਕਥਾਨਕ ਸ਼ੈਲੀ ਕਰਕੇ ਕਿੱਸੇ ਅੱਜ ਤਕ ਜਨ ਸਾਹਿਤ ਰਹੇ ਹਨ । ਇਹ ਇਕ ਪ੍ਰਕਾਰ ਦੇ ਲੋਕ ਵੇਦ ਹਨ ਜਿਨ੍ਹਾਂ ਵਿਚ ਜਾਤੀਯ ਘਟਨਾਵਾਂ ਚਿਤ੍ਰਿਤ ਹੋਈਆਂ ਹਨ ਅਤੇ ਜਿਨ੍ਹਾਂ ਨੇ ਜਨ ਜੀਵਨ ਵਿਚ ਸਰਬੋਤਮ ਥਾਂ ਬਣਾਈ ਰੱਖੀ ਹੈ ।

**48.** ਇਸ ਪੈਰੇ ਦਾ ਮੁੱਖ ਥੀਮ ਕੀ ਹੈ ?

(A) ਪੰਜਾਬੀ ਕਿੱਸਾ ਕਾਵਿ ਦੀ ਹੋਂਦ-ਵਿਧੀ ਦਾ ਸਰੂਪ

(B) ਪੰਜਾਬੀ ਕਿੱਸਾ ਕਾਵਿ ਦੀਆਂ ਕਥਾਨਕ ਜੁਗਤਾਂ

(C) ਪੰਜਾਬੀ ਕਿੱਸਾ ਕਾਵਿ ਦੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ

(D) ਪੰਜਾਬੀ ਕਿੱਸਾ ਕਾਵਿ ਦੇ ਮੂਲ ਸਰੋਕਾਰ

CAREERINDIA

**49.** ਪੰਜਾਬੀ ਕਿੱਸਾ ਕਾਵਿ ਕਿਸ ਸਾਹਿਤ-ਪਰੰਪਰਾ ਦਾ ਆਦਿ ਬਿੰਦੂ ਹੈ :

(A) ਗਲਪ ਤੇ ਬਿਰਤਾਂਤ

(B) ਗਲਪ ਤੇ ਦੁਖਾਂਤ

(C) ਬਿਰਤਾਂਤ ਤੇ ਕਵਿਤਾ

(D) ਗਲਪ ਤੇ ਰੋਮਾਂਟਿਕ ਕਾਵਿ

**50.** ਕਿੱਸਾ ਕਾਵਿ ਧਾਰਾ ਦੇ ਹਰਮਨ ਪਿਆਰਾ ਹੋਣ ਦਾ ਮੁੱਖ ਕਾਰਨ ਹੈ :

(A) ਰੀਤੀ ਰਿਵਾਜਾਂ, ਵਿਸ਼ਵਾਸਾਂ ਤੇ ਭਾਵਧਾਰਾਵਾਂ ਦੀ ਪੇਸ਼ਕਾਰੀ

(B) ਸਰਲ ਸੁਬੋਧ ਭਾਸ਼ਾ, ਕਥਾਨਕ ਸ਼ੈਲੀ, ਰੁਮਾਂਸ ਤੇ ਪ੍ਰੇਮ ਦਾ ਮਿਸ਼੍ਰਨ

(C) ਕਥਾਵਾਂ, ਭਾਵਨਾਵਾਂ ਤੇ ਵਿਚਾਰਧਾਰਾਵਾਂ ਦਾ ਸੰਜੋਗ

(D) ਰੀਤੀ-ਰਿਵਾਜ, ਕਥਾਵਾਂ ਤੇ ਵਿਚਾਰਧਾਰਾਵਾਂ ਦੀ ਪੇਸ਼ਕਾਰੀ

careerindia.com

Space For Rough Work

www.careerindia.com